Canadian Blood Services
Société canadienne du sang

# ਸੂਚਿਤ ਸਹਿਮਤੀ
# ਟੈਸਟਿੰਗ, ਸਟੋਰੇਜ, ਅਤੇ ਪ੍ਰਤੀਰੋਪਣ ਵਾਸਤੇ ਨਾੜੂਏ ਦਾ ਖੂਨ
# ਜਾਣਕਾਰੀ

ਭੂਮਿਕਾ: ਤੁਹਾਨੂੰ ਕੈਨੇਡੀਅਨ ਬਲੱਡ ਸਰਵਿਸਜ਼ ਦੇ ਕੋਰਡ ਬਲੱਡ ਬੈਂਕ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਪੁੱਛਿਆ ਜਾ ਰਿਹਾ ਹੈ। ਕੋਰਡ ਬਲੱਡ ਬੈਂਕ ਦਾਨ ਕੀਤੇ ਮਨੁੱਖੀ ਨਾੜੂਏ ਦੇ ਖੂਨ ਨੂੰ ਇਕੱਤਰ ਕਰਦੀ ਹੈ, ਟੈਸਟ ਕਰਦੀ ਹੈ, ਸਟੋਰ ਕਰਦੀ ਹੈ ਅਤੇ ਵੰਡਦੀ ਹੈ।

ਨਿਮਨਲਿਖਤ ਜਾਣਕਾਰੀ ਤੁਹਾਨੂੰ ਪ੍ਰੋਗਰਾਮ ਦਾ ਮਕਸਦ, ਇੱਕ ਸਵੈਸੇਵੀ ਭਾਗੀਦਾਰ ਵਜੋਂ ਤੁਹਾਨੂੰ ਕੀ ਕਰਨ ਲਈ ਕਿਹਾ ਜਾਵੇਗਾ ਅਤੇ ਤੁਹਾਡੀ ਭਾਗੀਦਾਰੀ ਦੇ ਸੰਭਾਵੀ ਜੋਖਮ ਅਤੇ ਲਾਭ ਕੀ ਹਨ, ਬਾਰੇ ਵਰਣਨ ਕਰਨ ਲਈ ਪ੍ਰਦਾਨ ਕੀਤੀ ਜਾਂਦੀ ਹੈ। ਪ੍ਰੋਗਰਾਮ ਵਿੱਚ ਭਾਗ ਨਾ ਲੈਣ ਦੀ ਚੋਣ ਕਰਨ ਦਾ ਤੁਹਾਡੇ 'ਤੇ ਜਾਂ ਤੁਹਾਡੇ ਪਰਿਵਾਰ ਦੀ ਡਾਕਟਰੀ ਸੰਭਾਲ 'ਤੇ ਕੋਈ ਅਸਰ ਨਹੀਂ ਪਵੇਗਾ। ਭਾਗੀਦਾਰੀ ਕਰਨ ਲਈ ਫੈਸਲਾ ਕਰਨ ਤੋਂ ਪਹਿਲਾਂ ਅਤੇ ਪ੍ਰੋਗਰਾਮ ਵਿੱਚ ਤੁਹਾਡੀ ਭਾਗੀਦਾਰੀ ਦੌਰਾਨ ਕਿਸੇ ਵੀ ਸਮੇਂ ਤੁਹਾਨੂੰ ਸਵਾਲ ਪੁੱਛਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

ਵਰਣਨ: ਤੁਹਾਨੂੰ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਪੁੱਛਿਆ ਜਾ ਰਿਹਾ ਹੈ ਕਿਉਂਕਿ ਤੁਸੀਂ ਹੁਣੇ-ਹੁਣੇ ਆਪਣੇ ਬੱਚੇ ਨੂੰ ਜਨਮ ਦਿੱਤਾ ਹੈ ਅਤੇ ਤੁਸੀਂ ਆਪਣੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਇਕੱਤਰ ਕਰਨ ਦੀ ਇਜਾਜ਼ਤ ਦਿੱਤੀ ਹੈ। ਤੁਹਾਡੀ ਸਹਿਮਤੀ ਦੇ ਨਾਲ, ਅਸੀਂ ਹੁਣ ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਟੈਸਟ ਕਰਾਂਗੇ। ਜੇ ਨਤੀਜੇ ਪ੍ਰਤੀਰੋਪਣ ਵਾਸਤੇ ਸਵੀਕਾਰ ਕਰਨਯੋਗ ਹਨ, ਤਾਂ ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਜਮਾਓ ਦਰਜੇ ਤੋਂ ਹੇਠਾਂ ਸਟੋਰ ਕਰਕੇ ਰੱਖਿਆ ਜਾਵੇਗਾ ਅਤੇ ਭਵਿੱਖ ਵਿੱਚ ਕਿਸੇ ਵੀ ਅਜਿਹੇ ਮਰੀਜ਼ ਵਾਸਤੇ ਲੰਬੀ-ਮਿਆਦ ਦੀ ਸਟੋਰੇਜ ਵਿੱਚ ਪਾਇਆ ਜਾਵੇਗਾ ਜਿਸਨੂੰ ਸਟੈੱਮ ਸੈੱਲ ਪ੍ਰਤੀਰੋਪਣ ਦੀ ਲੋੜ ਹੋ ਸਕਦੀ ਹੈ। ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਕੈਨੇਡੀਅਨ ਬਲੱਡ ਸਰਵਿਸਜ਼ ਦੇ OneMatch ਸਟੈੱਮ ਸੈੱਲ ਐਂਡ ਮਾਰੋ ਨੈੱਟਵਰਕ (OneMatch Stem Cell and Marrow Network) ਉੱਤੇ ਕਿਸੇ ਵੀ ਅਜਿਹੇ ਮਰੀਜ਼ ਲਈ ਸ਼ਾਮਲ ਕੀਤਾ ਜਾਵੇਗਾ ਜਿਸਨੂੰ ਕੈਨੇਡਾ ਜਾਂ ਵਿਸ਼ਵ-ਭਰ ਵਿੱਚ ਕਿਤੇ ਵੀ ਪ੍ਰਤੀਰੋਪਣ ਵਾਸਤੇ ਇਸ ਦੀ ਲੋੜ ਹੋ ਸਕਦੀ ਹੈ।

ਕੋਰਡ ਬਲੱਡ ਬੈਂਕ ਨੂੰ ਤੁਹਾਡੇ ਬੱਚੇ ਦੇ ਇਕੱਤਰ ਕੀਤੇ ਨਾੜੂਏ ਦੇ ਖੂਨ ਦੇ ਯੂਨਿਟ ਦੀ ਪ੍ਰਤੀਰੋਪਣ ਪ੍ਰੋਗਰਾਮ ਵਿੱਚ ਵਰਤੋਂ ਕਰਨ ਦੀ ਆਗਿਆ ਦੇਣ ਲਈ, ਤੁਹਾਨੂੰ ਨਿਮਨਲਿਖਤ ਨਾਲ ਸਹਿਮਤ ਹੋਣ ਲਈ ਕਿਹਾ ਜਾ ਰਿਹਾ ਹੈ:

1. ਕੋਰਡ ਬਲੱਡ ਬੈਂਕ ਤੁਹਾਡੇ ਬੱਚੇ ਦੇ ਇਕੱਤਰ ਕੀਤੇ ਨਾੜੂਏ ਦੇ ਖੂਨ ਦਾ ਹੇਠਾਂ ਵਰਣਨ ਕੀਤੇ ਅਨੁਸਾਰ ਮੁਲਾਂਕਣ ਕਰੇਗੀ, ਅਤੇ ਜੇ ਸਾਰੇ ਨਤੀਜੇ ਸਵੀਕਾਰ ਕਰਨਯੋਗ ਹਨ ਤਾਂ ਅਸੀਂ ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਟੈਸਟ ਕਰਾਂਗੇ, ਫਰੀਜ਼ ਕਰਾਂਗੇ ਅਤੇ ਸਟੋਰ ਕਰਾਂਗੇ ਤਾਂ ਜੋ ਇਸਨੂੰ ਕਿਸੇ ਵੀ ਅਜਿਹੇ ਮਰੀਜ਼ ਵਾਸਤੇ ਵਰਤਿਆ ਜਾ ਸਕੇ ਜਿਸਨੂੰ ਇਸਦੀ ਲੋੜ ਹੋ ਸਕਦੀ ਹੈ।

2. ਕੋਰਡ ਬਲੱਡ ਬੈਂਕ ਦਾ ਅਮਲਾ ਡਿਸਚਾਰਜ ਤੋਂ ਪਹਿਲਾਂ ਜਾਂ ਬਾਅਦ ਤੁਹਾਡੇ ਵਰਤਮਾਨ ਹਸਪਤਾਲ ਡਾਕਟਰੀ ਰਿਕਾਰਡ ਅਤੇ ਤੁਹਾਡੇ ਬੱਚੇ ਦੇ ਵਰਤਮਾਨ ਹਸਪਤਾਲ ਡਾਕਟਰੀ ਰਿਕਾਰਡ ਦੀ ਸਮੀਖਿਆ ਕਰੇਗਾ।
   - ➢ ਇਹ ਸਾਨੂੰ ਗਰਭਅਵਸਥਾ ਦੀਆਂ ਸੰਭਾਵੀ ਉਲਝਣਾਂ ਅਤੇ ਤੁਹਾਡੇ ਬੱਚੇ ਦੀ ਸਿਹਤ ਦੇ ਉਹਨਾਂ ਪੱਖਾਂ ਬਾਰੇ ਜਾਣਨ ਵਿੱਚ ਮਦਦ ਕਰਦਾ ਹੈ ਜੋ ਨਾੜੂਏ ਦੇ ਖੂਨ ਦੇ ਸਟੈੱਮ ਸੈੱਲਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

3. ਅਸੀਂ ਤੁਹਾਨੂੰ ਤੁਹਾਡੀ ਗਰਭਅਵਸਥਾ, ਡਾਕਟਰੀ ਅਤੇ ਸਮਾਜਕ ਇਤਿਹਾਸ ਬਾਰੇ ਸਵਾਲ ਪੁੱਛਾਂਗੇ।
   - ➢ ਕੁਝ ਸਵਾਲਾਂ ਦੇ ਜਵਾਬ ਸਾਨੂੰ ਇਹ ਪਤਾ ਲਾਉਣ ਵਿੱਚ ਮਦਦ ਕਰਦੇ ਹਨ ਕਿ ਕਿਹੜੇ ਮਰੀਜ਼ਾਂ ਨੂੰ ਨਾੜੂਏ ਦੇ ਖੂਨ ਦੇ ਪ੍ਰਤੀਰੋਪਣ ਤੋਂ ਲਾਭ ਹੋਣ ਦੀ ਸੰਭਾਵਨਾ ਸਭ ਤੋਂ ਵਧੇਰੇ ਹੈ ਕਿਉਂਕਿ ਉਹਨਾਂ ਦਾ ਨਸਲੀ ਪਿਛੋਕੜ ਤੁਹਾਡੇ ਖੁਦ ਦੇ ਪਿਛੋਕੜ ਵਰਗਾ ਹੈ।



CBU Unique ID Number

Canadian Blood Services
Société canadienne du sang

ਸੂਚਿਤ ਸਹਿਮਤੀ
ਟੈਸਟਿੰਗ, ਸਟੋਰੇਜ, ਅਤੇ ਪ੍ਰਤੀਰੋਪਣ ਵਾਸਤੇ ਨਾੜੂਏ ਦਾ ਖ਼ੂਨ
ਜਾਣਕਾਰੀ

- ਕੁਝ ਸਵਾਲ ਜਾਈਆਂ-ਪਛਾਈਆਂ ਜਾਂ ਵਿਰਾਸਤ ਵਿੱਚ ਮਿਲੀਆਂ ਅਵਸਥਾਵਾਂ ਨਾਲ ਸਬੰਧਿਤ ਹੁੰਦੇ ਹਨ ਜੋ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਵਿਚਲੇ ਸਟੈੱਮ ਸੈੱਲਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।
- ਕੁਝ ਸਵਾਲ ਰੁਟੀਨ ਤੌਰ ’ਤੇ ਸਾਰੇ ਖ਼ੂਨ ਦਾਨੀਆਂ ਨੂੰ ਪੁੱਛੇ ਜਾਂਦੇ ਹਨ ਤਾਂ ਜੋ ਇਹ ਪਤਾ ਲਾਉਣ ਵਿੱਚ ਮਦਦ ਮਿਲ ਸਕੇ ਕਿ ਕੀ ਉਹ ਕਿਸੇ ਸੰਕਰਮਣਯੋਗ ਛੂਤਕਾਰੀ ਬਿਮਾਰੀਆਂ ਦੇ ਸੰਪਰਕ ਵਿੱਚ ਆਏ ਹੋ ਸਕਦੇ ਹਨ ਜੋ ਖ਼ੂਨ ਵਿੱਚ ਮੌਜੂਦ ਹੋ ਸਕਦੀਆਂ ਹਨ। ਸਾਰੇ ਸਵਾਲਾਂ ਦਾ ਈਮਾਨਦਾਰੀ ਨਾਲ ਜਵਾਬ ਦੇਣਾ ਮਹੱਤਵਪੂਰਨ ਹੈ। ਕੋਈ ਝੂਠਾ ਬਿਆਨ ਦੇਣਾ ਗੰਭੀਰ ਮਾਮਲਾ ਹੈ ਅਤੇ ਇਹ ਹੋਰਨਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ।
- ਤੁਹਾਨੂੰ ਇਹ ਸਵਾਲ ਗੁਪਤ ਤੌਰ ’ਤੇ ਇੱਕ ਨਿੱਜੀ ਇੰਟਰਵਿਊ ਵਿੱਚ ਪੁੱਛੇ ਜਾਣਗੇ।

4. ਇੱਕ ਖ਼ੂਨ ਦੇ ਟੈਸਟ ਦੀ ਲੋੜ ਹੁੰਦੀ ਹੈ। ਅਮਲਾ ਤੁਹਾਡੇ ਕੋਲੋਂ ਖ਼ੂਨ ਦੀਆਂ ਛੇ ਛੋਟੀਆਂ ਟਿਊਬਾਂ (ਕੁੱਲ ਲਗਭਗ 3 ਵੱਡੇ ਚਮਚ) ਲਵੇਗਾ, ਜਦ ਤੱਕ ਕਿ ਡਿਲਿਵਰੀ ਦੌਰਾਨ ਤੁਹਾਨੂੰ ਨਸ ਰਾਹੀਂ ਤਰਲ ਦਵਾਈਆਂ ਨਾ ਚੜ੍ਹਾਈਆਂ ਗਈਆਂ ਹੋਣ, ਜਿਸ ਸੂਰਤ ਵਿੱਚ, ਖ਼ੂਨ ਦੇ ਨਮੂਨੇ ਉਸ ਸਮੇਂ ਲਏ ਗਏ ਹੋ ਸਕਦੇ ਹਨ।

5. ਤੁਹਾਡੇ ਖ਼ੂਨ ਦੇ ਨਮੂਨੇ ਨੂੰ ਕੁਝ ਵਿਸ਼ੇਸ਼ ਸੰਕਰਮਣਯੋਗ ਬਿਮਾਰੀਆਂ ਵਾਸਤੇ ਟੈਸਟ ਕੀਤਾ ਜਾਵੇਗਾ ਜਿੰਨ੍ਹਾਂ ਵਿੱਚ ਸ਼ਾਮਲ ਹਨ ਹੈਪਾਟਾਈਟਸ, ਆਤਸ਼ਿਕ, ਹਿਊਮਨ ਈਮਿਊਨੋਡੈਫੀਸ਼ੈਂਸੀ ਵਾਇਰਸ (“HIV”, ਉਹ ਵਾਇਰਸ ਜੋ ਅਕੁਆਇਰਡ ਈਮਿਊਨ ਡੈਫੀਸ਼ੈਂਸੀ ਸਿੰਡਰੋਮ-AIDS ਦਾ ਕਾਰਨ ਬਣਦਾ ਹੈ), ਵੈਸਟ ਨੀਲ ਵਾਇਰਸ ਅਤੇ ਹੋਰ ਕਾਰਕ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡਾ ਦਾਨ ਵੱਧ ਤੋਂ ਵੱਧ ਸੰਭਵ ਹੱਦ ਤੱਕ ਸੁਰੱਖਿਅਤ ਹੈ। ਕੈਨੇਡੀਅਨ ਬਲੱਡ ਸਰਵਿਸਜ਼ ਦੀ ਨੀਤੀ ਦੇ ਅਨੁਸਾਰ ਇਹਨਾਂ ਬਿਮਾਰੀਆਂ ਵਾਸਤੇ ਕਿਸੇ ਵੀ ਪਾਜੇਟਿਵ ਟੈਸਟ ਨਤੀਜਿਆਂ ਦੀ ਰਿਪੋਰਟ ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਕੀਤੀ ਜਾਵੇਗੀ, ਅਤੇ ਇਹਨਾਂ ਦੀ ਰਿਪੋਰਟ ਉਚਿਤ ਜਨਤਕ ਸਿਹਤ ਅਥਾਰਟੀਆਂ ਨੂੰ ਵੀ ਕੀਤੀ ਜਾਵੇਗੀ।

6. ਕੋਰਡ ਬਲੱਡ ਬੈਂਕ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਅਤੇ ਤੁਹਾਡੇ ਖ਼ੂਨ ਦੇ ਨਮੂਨੇ ਨੂੰ ਕੁਝ ਵਿਸ਼ੇਸ਼ ਆਣੁਵਾਂਸ਼ਿਕ ਚਿੰਨ੍ਹਾਂ ਵਾਸਤੇ ਵੀ ਟੈਸਟ ਕਰੇਗੀ, ਜਿਸ ਵਿੱਚ ਅਨੁਰੂਪਤਾ ਵਾਸਤੇ ਟੈਸਟ ਅਤੇ ਵਿਰਾਸਤੀ ਅਵਸਥਾਵਾਂ ਨੂੰ ਨਕਾਰਨ ਲਈ ਕੀਤੇ ਜਾਂਦੇ ਟੈਸਟ ਵੀ ਸ਼ਾਮਲ ਹਨ।
    - ਕੈਨੇਡੀਅਨ ਬਲੱਡ ਸਰਵਿਸਜ਼ ਦੀ ਨੀਤੀ ਅਨੁਸਾਰ ਕਿਸੇ ਵੀ ਟੈਸਟਾਂ ਦੇ ਨਤੀਜੇ ਜੋ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਜ਼ਿਕਰਯੋਗ ਸਿਹਤ ਖਤਰੇ ਵੱਲ ਇਸ਼ਾਰਾ ਕਰ ਸਕਦੇ ਹਨ, ਉਹਨਾਂ ਦੀ ਰਿਪੋਰਟ ਤੁਹਾਡੇ ਡਾਕਟਰ ਨੂੰ ਕੀਤੀ ਜਾਵੇਗੀ ਅਤੇ ਉਹ ਇਹਨਾਂ ਨਤੀਜਿਆਂ ਦੇ ਮਤਲਬ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰੇਗਾ/ਗੀ। ਜੇ ਤੁਸੀਂ ਚਾਹੁੰਦੇ ਹੋ ਕਿ ਅਜਿਹੇ ਨਤੀਜਿਆਂ ਬਾਰੇ ਸੂਚਿਤ ਨਾ ਕੀਤਾ ਜਾਵੇ**,** ਤਾਂ ਤੁਸੀਂ ਪ੍ਰੋਗਰਾਮ ਵਿੱਚ ਭਾਗ ਲੈਣ ਦੇ ਯੋਗ ਨਹੀਂ ਹੋਵੋਗੇ**।**
    - ਜੇ ਪ੍ਰਤੀਰੋਪਣ ਦੇ ਬਾਅਦ ਕਿਸੇ ਮਰੀਜ਼ ਵਿੱਚ ਕਦੇ ਵੀ ਕਿਸੇ ਅਜਿਹੀ ਦੀ ਬਿਮਾਰੀ ਦੀ ਪਛਾਣ ਕੀਤੀ ਜਾਂਦੀ ਹੈ ਜੋ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਤੋਂ ਆਈ ਹੋ ਸਕਦੀ ਹੈ, ਤਾਂ ਅਸੀਂ ਡਾਕਟਰ ਰਾਹੀਂ ਤੁਹਾਨੂੰ ਸੂਚਿਤ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਾਂਗੇ।

7. ਜੇ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਪ੍ਰਤੀਰੋਪਣ ਵਾਸਤੇ ਢੁਕਵਾਂ ਪਾਇਆ ਜਾਂਦਾ ਹੈ, ਤਾਂ ਕੋਰਡ ਬਲੱਡ ਬੈਂਕ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਅਤੇ ਤੁਹਾਡੇ ਖ਼ੂਨ ਦੇ ਨਮੂਨਿਆਂ ਨੂੰ ਉਹਨਾਂ ਛੂਤਕਾਰੀ ਬਿਮਾਰੀਆਂ ਅਤੇ ਆਣੁਵਾਂਸ਼ਿਕ ਵਿਕਾਰਾਂ ਵਾਸਤੇ ਭਵਿੱਖ ਵਿੱਚ ਟੈਸਟ ਕਰਨ ਲਈ ਸਾਂਭ ਕੇ ਰੱਖ ਸਕਦੀ ਹੈ ਜੋ ਕਿਸੇ ਅਜਿਹੇ ਮਰੀਜ਼ ਨੂੰ ਦਿੱਤੇ ਜਾ ਸਕਦੇ ਹਨ ਜੋ ਕੋਰਡ ਬਲੱਡ ਦੇ ਯੂਨਿਟ ਦਾ ਪ੍ਰਤੀਰੋਪਣ ਪ੍ਰਾਪਤ ਕਰਦਾ ਹੈ।



CBU Unique ID Number

Canadian Blood Services
Société canadienne du sang

ਸੂਚਿਤ ਸਹਿਮਤੀ
ਟੈਸਟਿੰਗ, ਸਟੋਰੇਜ, ਅਤੇ ਪ੍ਰਤੀਰੋਪਣ ਵਾਸਤੇ ਨਾੜੂਏ ਦਾ ਖ਼ੂਨ
ਜਾਣਕਾਰੀ

- ਭਵਿੱਖ ਵਿੱਚ ਟੈਸਟ ਕਰਨ ਦਾ ਮਤਲਬ ਇਹ ਹੈ ਕਿ ਛੂਤਕਾਰੀ ਬਿਮਾਰੀਆਂ ਦੇ ਚਿੰਨ੍ਹਾਂ ਲਈ ਮੁਕਾਬਲਤਨ ਨਵੇਂ ਟੈਸਟ ਉਪਲਬਧ ਹੋ ਗਏ ਹਨ ਜਾਂ ਹੋਰ ਛੂਤਕਾਰੀ ਜਾਂ ਆਣੁਵਾਂਸ਼ਿਕ ਵਿਕਾਰਾਂ ਦੀ ਪਛਾਣ ਕੀਤੀ ਗਈ ਹੈ ਜਿੰਨ੍ਹਾਂ ਵਾਸਤੇ ਟੈਸਟ ਕਰਨ ਦੀ ਲੋੜ ਹੈ।
- ਜੇ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਪ੍ਰਤੀਰੋਪਣ ਵਾਸਤੇ ਚੁਣਿਆ ਜਾਂਦਾ ਹੈ, ਤਾਂ ਪ੍ਰਤੀਰੋਪਣ ਕਰਨ ਵਾਲੇ ਡਾਕਟਰਾਂ ਦੁਆਰਾ ਵਧੀਕ ਟੈਸਟ ਕੀਤੇ ਜਾ ਸਕਦੇ ਹਨ।

8. ਜੇ ਤੁਹਾਡੇ ਬੱਚੇ ਦੇ ਨਾੜੂਏ ਦਾ ਖ਼ੂਨ ਪ੍ਰਤੀਰੋਪਣ ਵਾਸਤੇ ਢੁਕਵਾਂ ਹੈ, ਤਾਂ ਕੋਰਡ ਬਲੱਡ ਬੈਂਕ ਦਾ ਅਮਲਾ ਤੁਹਾਡੇ ਬੱਚੇ ਦੇ ਜਨਮ ਦੇ ਬਾਅਦ ਤੁਹਾਡੇ ਨਾਲ ਡਾਕ ਰਾਹੀਂ ਸੰਪਰਕ ਕਰਨ ਦੀ ਕੋਸ਼ਿਸ਼ ਕਰੇਗਾ ਅਤੇ ਤੁਹਾਡੀ ਸਿਹਤ ਅਤੇ ਤੁਹਾਡੇ ਬੱਚੇ ਦੀ ਸਿਹਤ ਬਾਰੇ ਪੁੱਛਗਿੱਛ ਕਰੇਗਾ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਹੈ ਕਿ ਅਜਿਹੀਆਂ ਕੋਈ ਸਮੱਸਿਆਵਾਂ ਨਹੀਂ ਹਨ ਜੋ ਪ੍ਰਤੀਰੋਪਣ ਵਾਸਤੇ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਵਰਤਣ ਲਈ ਢੁਕਵੇਂਪਣ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

9. ਜੇ ਤੁਹਾਡੇ ਬੱਚੇ ਦੇ ਨਾੜੂਏ ਦਾ ਖ਼ੂਨ ਪ੍ਰਤੀਰੋਪਣ ਵਾਸਤੇ ਢੁਕਵਾਂ ਹੈ, ਤਾਂ ਹੋ ਸਕਦਾ ਹੈ ਕੋਰਡ ਬਲੱਡ ਬੈਂਕ ਦੁਆਰਾ ਇਸ ਨੂੰ ਅਣਮਿਥੇ ਸਮੇਂ ਵਾਸਤੇ ਸਟੋਰ ਕਰ ਲਿਆ ਜਾਵੇ, ਪਰ ਅਸੀਂ ਕਿਸੇ ਵੀ ਸਮੇਂ ਕਿਸੇ ਵੀ ਕਾਰਨ ਕਰਕੇ ਨਾੜੂਏ ਦੇ ਖ਼ੂਨ ਨੂੰ ਖਾਰਜ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਾਂ।

10. ਜੇ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਸਟੋਰੇਜ ਵਾਸਤੇ ਅਢੁਕਵਾਂ ਪਾਇਆ ਜਾਂਦਾ ਹੈ ਅਤੇ ਜੇ ਤੁਸੀਂ ਆਪਣੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਜੀਵ-ਡਾਕਟਰੀ ਖੋਜ ਵਾਸਤੇ ਦਾਨ ਕਰਨ ਲਈ ਸਹਿਮਤੀ ਦਿੱਤੀ ਹੈ, ਤਾਂ ਕੈਨੇਡੀਅਨ ਬਲੱਡ ਸਰਵਿਸਜ਼ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਜੀਵ-ਡਾਕਟਰੀ ਖੋਜ ਵਾਸਤੇ ਵੰਡ ਸਕਦੀ ਹੈ। ਜੇ ਇਹ ਸਟੋਰੇਜ ਵਾਸਤੇ ਅਢੁਕਵਾਂ ਹੈ ਅਤੇ ਤੁਸੀਂ ਜੀਵ-ਡਾਕਟਰੀ ਖੋਜ ਵਾਸਤੇ ਸਹਿਮਤੀ ਨਹੀਂ ਦਿੱਤੀ ਹੈ, ਤਾਂ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਅਤੇ ਤੁਹਾਡੇ ਖ਼ੂਨ ਦੇ ਨਮੂਨਿਆਂ ਨੂੰ ਖਾਰਜ ਕਰ ਦਿੱਤਾ ਜਾਵੇਗਾ, ਜਦ ਤੱਕ ਕਿ ਇਹਨਾਂ ਨੂੰ ਗੁਣਵੱਤਾ ਯਕੀਨੀ ਬਣਾਉਣ ਦੇ ਮਕਸਦਾਂ ਵਾਸਤੇ ਵਰਤ ਨਹੀਂ ਲਿਆ ਗਿਆ।

11. ਜੇ ਤੁਸੀਂ ਆਪਣੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਜੀਵ-ਡਾਕਟਰੀ ਖੋਜ ਵਾਸਤੇ ਦਾਨ ਕਰਨ ਲਈ ਸਹਿਮਤੀ ਦਿੱਤੀ ਹੈ, ਤਾਂ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਦੇ ਅੰਸ਼ (ਨਿਰਮਾਣਕਾਰੀ ਸਹਿ-ਉਤਪਾਦ) ਜੋ ਸਟੋਰੇਜ ਵਾਸਤੇ ਨਾੜੂਏ ਦੇ ਖ਼ੂਨ ਨੂੰ ਤਿਆਰ ਕਰਨ ਦੌਰਾਨ ਖਾਰਜ ਕਰ ਦਿੱਤੇ ਜਾਂਦੇ ਹਨ, ਜੀਵ-ਡਾਕਟਰੀ ਖੋਜ ਵਾਸਤੇ ਵੰਡੇ ਜਾ ਸਕਦੇ ਹਨ। ਜੇ ਤੁਸੀਂ ਜੀਵ-ਡਾਕਟਰੀ ਖੋਜ ਵਾਸਤੇ ਸਹਿਮਤੀ ਨਹੀਂ ਦਿੱਤੀ, ਤਾਂ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਦੇ ਨਿਰਮਾਣਕਾਰੀ ਸਹਿ-ਉਤਪਾਦਾਂ ਨੂੰ ਖਾਰਜ ਕਰ ਦਿੱਤਾ ਜਾਵੇਗਾ, ਜਦੋਂ ਤੱਕ ਕਿ ਇਹਨਾਂ ਨੂੰ ਗੁਣਵੱਤਾ ਯਕੀਨੀ ਬਣਾਉਣ ਦੇ ਮਕਸਦਾਂ ਵਾਸਤੇ ਵਰਤ ਨਹੀਂ ਲਿਆ ਗਿਆ।

12. ਜੇ ਤੁਹਾਡੀ ਸਿਹਤ ਜਾਂ ਤੁਹਾਡੇ ਬੱਚੇ ਦੀ ਸਿਹਤ ਨਾਲ ਸਬੰਧਿਤ ਕੋਈ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ ਜੋ ਨਾੜੂਏ ਦੇ ਖ਼ੂਨ ਨੂੰ ਵੀ ਪ੍ਰਭਾਵਿਤ ਕਰ ਸਕਦੀਆਂ ਹਨ, ਜਿਵੇਂ ਕਿ ਲੂਕੀਮੀਆ ਜਾਂ ਹੋਰ ਵਿਕਾਰ ਤਾਂ ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਕੋਰਡ ਬਲੱਡ ਬੈਂਕ ਨਾਲ ਸੰਪਰਕ ਕਰੋ। ਕੋਰਡ ਬਲੱਡ ਬੈਂਕ ਵਾਸਤੇ ਤੁਹਾਡੇ ਡਾਕਟਰ ਨਾਲ ਸੰਪਰਕ ਕਰਨਾ ਵੀ ਜ਼ਰੂਰੀ ਹੋ ਸਕਦਾ ਹੈ ਤਾਂ ਜੋ ਇਸ ਜਾਣਕਾਰੀ ਨਾਲ ਸਬੰਧਿਤ ਸਮਰਥਨ ਕਰਦੇ ਦਸਤਾਵੇਜ਼ਾਂ ਵਾਸਤੇ ਬੇਨਤੀ ਕੀਤੀ ਜਾ ਸਕੇ।
    - ਕੋਰਡ ਬਲੱਡ ਬੈਂਕ ਨੂੰ 1 888 2 DONATE (1-888-236-6283) 'ਤੇ ਸੰਪਰਕ ਕਰੋ।



CBU Unique ID Number

Canadian Blood Services
Société canadienne du sang

ਸੂਚਿਤ ਸਹਿਮਤੀ
ਟੈਸਟਿੰਗ, ਸਟੋਰੇਜ, ਅਤੇ ਪ੍ਰਤੀਰੋਪਣ ਵਾਸਤੇ ਨਾੜੂਏ ਦਾ ਖ਼ੂਨ
ਜਾਣਕਾਰੀ

ਲਾਗਤਾਂ ਅਤੇ ਭੁਗਤਾਨ-ਵਾਪਸੀਆਂ: ਇਸ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਤੁਹਾਥੋਂ ਕੋਈ ਲਾਗਤ ਨਹੀਂ ਲਈ ਜਾਵੇਗੀ। ਤੁਹਾਡੇ ਨਾੜੂਏ ਦੇ ਖ਼ੂਨ ਦੇ ਦਾਨ ਦੇ ਕਿਸੇ ਵੀ ਪੱਖ ਵਾਸਤੇ ਤੁਹਾਨੂੰ ਕੋਈ ਵੀ ਵਾਪਸੀ-ਭੁਗਤਾਨ ਨਹੀਂ ਕੀਤੇ ਜਾਣਗੇ। ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨਾਲ ਕੀਤੀ ਖੋਜ ਦੇ ਸਿੱਟੇ ਵਜੋਂ ਅਜਿਹੀ ਸਮੱਗਰੀ ਮਿਲਣ ਦੀ ਸੂਰਤ ਵਿੱਚ ਜੋ ਪੇਟੈਂਟ ਕਰਨਯੋਗ ਹੈ ਜਾਂ ਜਿਸ ਦੀ ਕੋਈ ਵਪਾਰਕ ਅਹਿਮੀਅਤ ਹੈ, ਤੁਸੀਂ ਇਸ ਦੇ ਮਾਲਕ ਨਹੀਂ ਹੋਵੋਂਗੇ ਜਾਂ ਤੁਹਾਡਾ ਇਸ ਵਿੱਚ ਕੋਈ ਵਿੱਤੀ ਹਿੱਤ ਨਹੀਂ ਹੋਵੇਗਾ।

ਸੰਭਾਵੀ ਜੋਖਮ ਅਤੇ ਬੇਆਰਾਮੀਆਂ: ਕੋਰਡ ਬਲੱਡ ਬੈਂਕ ਤੁਹਾਡੇ ਬੱਚੇ ਦੀ ਪੈਦਾਇਸ਼ ਦੀ ਕੁਦਰਤੀ ਪ੍ਰਕਿਰਿਆ ਵਿੱਚ ਦਖਲ ਨਹੀਂ ਦਿੰਦੀ। ਕੋਰਡ ਬਲੱਡ ਬੈਂਕ ਵਿੱਚ ਭਾਗ ਲੈਣ ਨਾਲ ਕੋਈ ਵੀ ਜਿਕਰਯੋਗ ਜੋਖਮ ਨਹੀਂ ਜੁੜੇ ਹੋਏ ਕਿਉਂਕਿ ਬਲੱਡ ਸਟੈੱਮ ਸੈੱਲਾਂ ਨੂੰ ਨਾੜੂਏ/ਔਲ਼ ਤੋਂ ਬੱਚੇ ਦੀ ਪੈਦਾਇਸ਼ ਦੇ ਬਾਅਦ ਇਕੱਤਰ ਕੀਤਾ ਜਾਂਦਾ ਹੈ। ਜੇ ਛੂਤਕਾਰੀ ਬਿਮਾਰੀ ਨੂੰ ਟੈਸਟ ਕਰਨ ਵਾਸਤੇ ਤੁਹਾਡੇ ਕੋਲੋਂ ਖ਼ੂਨ ਦੇ ਨਮੂਨੇ ਲਏ ਜਾਂਦੇ ਹਨ, ਤਾਂ ਤੁਹਾਡੇ ਕੋਲੋਂ ਲਏ ਗਏ ਖ਼ੂਨ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ (ਲਗਭਗ ਤਿੰਨ ਵੱਡੇ ਚਮਚ) ਅਤੇ ਇਸ ਨਾਲ ਤੁਹਾਡੀ ਸਿਹਤ 'ਤੇ ਕੋਈ ਅਸਰ ਨਹੀਂ ਪਵੇਗਾ। ਉਸ ਜਗਹ 'ਤੇ ਹਲਕਾ ਦਰਦ ਅਤੇ ਨੀਲ ਪੈਣ ਦਾ ਛੋਟਾ ਜਿਹਾ ਜੋਖਮ ਹੁੰਦਾ ਹੈ ਜਿੱਥੋਂ ਖ਼ੂਨ ਦਾ ਨਮੂਨਾ ਲਿਆ ਜਾਂਦਾ ਹੈ, ਸਿਰ ਹਲਕਾ-ਹਲਕਾ ਲੱਗ ਸਕਦਾ ਹੈ, ਸੰਭਾਵੀ ਤੌਰ 'ਤੇ ਬੇਹੋਸ਼ੀ ਹੋ ਸਕਦੀ ਹੈ ਅਤੇ, ਬਹੁਤ ਦੁਰਲੱਭ ਕੇਸਾਂ ਵਿੱਚ, ਲਾਗ ਲੱਗ ਸਕਦੀ ਹੈ।

ਸਾਡੇ ਵੱਲੋਂ ਤੁਹਾਨੂੰ ਪੁੱਛੇ ਜਾਣ ਵਾਲੇ ਸਵਾਲਾਂ ਵਿੱਚੋਂ ਕੁਝ ਨਿੱਜੀ ਪ੍ਰਵਿਰਤੀ ਦੇ ਹਨ ਅਤੇ ਇਹਨਾਂ ਨੂੰ ਇੱਕ ਨਿੱਜੀ ਖੇਤਰ ਵਿੱਚ ਪੁੱਛਿਆ ਜਾਵੇਗਾ।

ਸੰਭਾਵਿਤ ਫਾਇਦੇ: ਹਾਲਾਂਕਿ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਸਿੱਧੇ ਤੌਰ 'ਤੇ ਕੋਈ ਲਾਭ ਨਹੀਂ ਹੋਵੇਗਾ, ਪਰ ਇਹ ਕਿਸੇ ਜੀਵਨ-ਮਾਰੂ ਬਿਮਾਰੀ ਵਾਲੇ ਮਰੀਜ਼ ਨੂੰ ਸਿਹਤਮੰਦ ਜੀਵਨ ਦੀ ਸੰਭਾਵਨਾ ਦੇ ਸਕਦਾ ਹੈ। ਜੇ ਤੁਸੀਂ ਜੀਵ-ਡਾਕਟਰੀ ਖੋਜ ਵਾਸਤੇ ਆਪਣੇ ਬੱਚੇ ਦੇ ਨਾੜੂਏ ਦੇ ਖ਼ੂਨ ਦੀ ਵਰਤੋਂ ਕਰਨ ਵਾਸਤੇ ਸਹਿਮਤੀ ਦਿੰਦੇ ਹੋ, ਤਾਂ ਤੁਹਾਨੂੰ ਇਸ ਜਾਣਕਾਰੀ ਤੋਂ ਵੀ ਲਾਭ ਹੋ ਸਕਦਾ ਹੈ ਕਿ ਤੁਹਾਡੀ ਭਾਗੀਦਾਰੀ ਖੋਜ ਨੂੰ ਅੱਗੇ ਵਧਾਵੇਗੀ ਅਤੇ ਭਵਿੱਖ ਵਿੱਚ ਹੋਰਨਾਂ ਦੀ ਮਦਦ ਕਰੇਗੀ।

ਕੋਰਡ ਬਲੱਡ ਬੈਂਕ ਤੋਂ ਨਾਮ ਵਾਪਸ ਲੈਣਾ: ਕੋਰਡ ਬਲੱਡ ਬੈਂਕ ਵਿੱਚ ਤੁਹਾਡੀ ਭਾਗੀਦਾਰੀ ਸਵੈਇੱਛਤ ਹੈ ਅਤੇ 1 888 2 DONATE (1-888-236-6283) 'ਤੇ ਕਾਲ ਕਰਕੇ ਇਸ ਨੂੰ ਕਦੇ ਵੀ ਵਾਪਸ ਲਿਆ ਜਾ ਸਕਦਾ ਹੈ। ਜੇ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਦੇ ਯੂਨਿਟ ਨੂੰ ਪਹਿਲਾਂ ਹੀ ਪ੍ਰਤੀਰੋਪਣ ਵਾਸਤੇ, ਗੁਣਵੱਤਾ ਯਕੀਨੀ ਬਣਾਉਣ ਵਾਸਤੇ ਜਾਂ ਜੀਵ-ਡਾਕਟਰੀ ਖੋਜ ਦੇ ਮਕਸਦਾਂ ਵਾਸਤੇ ਨਹੀਂ ਵਰਤਿਆ ਗਿਆ ਤਾਂ ਇਸ ਨੂੰ ਖਾਰਜ ਕਰ ਦਿੱਤਾ ਜਾਵੇਗਾ। ਤੁਹਾਨੂੰ ਭਰਕੇ ਵਾਪਸ ਕਰਨ ਵਾਸਤੇ ਇੱਕ "ਕੈਨੇਡੀਅਨ ਬਲੱਡ ਸਰਵਿਸਜ਼ ਦੇ ਕੋਰਡ ਬਲੱਡ ਬੈਂਕ ਵਿੱਚ ਭਾਗ ਲੈਣ ਲਈ ਸਹਿਮਤੀ ਵਾਪਸ ਲੈਣਾ" ਫਾਰਮ ਦਿੱਤਾ ਜਾਵੇਗਾ।
ਤੁਹਾਡੇ ਦੁਆਰਾ ਨਾਮ ਵਾਪਸ ਲੈਣ ਦੀ ਤਾਰੀਖ਼ ਤੱਕ ਇਕੱਤਰ ਕੀਤੀ ਨਿੱਜੀ ਜਾਣਕਾਰੀ ਕੋਰਡ ਬਲੱਡ ਬੈਂਕ ਦੇ ਅੰਦਰ ਰਹੇਗੀ ਪਰ ਤੁਹਾਡੇ ਜਾਂ ਤੁਹਾਡੇ ਬੱਚੇ ਬਾਰੇ ਕੋਈ ਵੀ ਹੋਰ ਜਾਣਕਾਰੀ ਇਕੱਤਰ ਨਹੀਂ ਕੀਤੀ ਜਾਵੇਗੀ, ਵਰਤੀ ਨਹੀਂ ਜਾਵੇਗੀ ਜਾਂ ਇਸ ਦਾ ਖੁਲਾਸਾ ਨਹੀਂ ਕੀਤਾ ਜਾਵੇਗਾ। ਜੇ ਜ਼ਰੂਰੀ ਹੋਇਆ, ਤਾਂ ਸੁਰੱਖਿਆ ਦੇ ਕਾਰਨਾਂ ਵਾਸਤੇ ਤੁਹਾਡੇ ਨਾਲ ਸੰਪਰਕ ਕਰਨ ਲਈ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਰ ਸਕਦੇ ਹਾਂ। ਕਿਰਪਾ ਕਰਕੇ ਇਹ ਜਾਣ ਲਓ ਕਿ ਭਾਗ ਨਾ ਲੈਣ ਦੀ ਚੋਣ ਕਰਨ ਦਾ ਤੁਹਾਡੇ 'ਤੇ ਜਾਂ ਤੁਹਾਡੇ ਪਰਿਵਾਰ ਦੀ ਡਾਕਟਰੀ ਸੰਭਾਲ 'ਤੇ ਕਿਸੇ ਵੀ ਤਰੀਕੇ ਨਾਲ ਕੋਈ ਅਸਰ ਨਹੀਂ ਪਵੇਗਾ।



CBU Unique ID Number

Canadian Blood Services
Société canadienne du sang

## ਸੂਚਿਤ ਸਹਿਮਤੀ
## ਟੈਸਟਿੰਗ, ਸਟੋਰੇਜ, ਅਤੇ ਪ੍ਰਤੀਰੋਪਣ ਵਾਸਤੇ ਨਾੜੂਏ ਦਾ ਖੂਨ
## ਜਾਣਕਾਰੀ

ਇਸ ਸਹਿਮਤੀ ਬਾਰੇ: ਇਸ ਫਾਰਮ ’ਤੇ ਦਸਤਖਤ ਕਰਨ ਦੁਆਰਾ, ਤੁਸੀਂ ਸੁਤੰਤਰ ਰੂਪ ਵਿੱਚ ਅਤੇ ਸਵੈ ਇੱਛਾ ਨਾਲ ਉਪਰੋਕਤ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਸਹਿਮਤੀ ਦਿੰਦੇ ਹੋ। ਤੁਸੀਂ ਤੁਹਾਨੂੰ ਪ੍ਰਦਾਨ ਕੀਤੀ ਜ਼ੁਬਾਨੀ ਅਤੇ ਲਿਖਤੀ ਜਾਣਕਾਰੀ ਦੇ ਆਧਾਰ ’ਤੇ ਇਹ ਸਮਝਦੇ ਹੋਏ ਸਹਿਮਤੀ ਦੇ ਰਹੇ ਹੋ ਕਿ ਤੁਸੀਂ ਭਾਗ ਲੈਣ ਲਈ ਡਾਕਟਰੀ ਅਤੇ ਸਰੀਰਕ ਤੌਰ ’ਤੇ ਯੋਗਤਾ ਪ੍ਰਾਪਤ ਹੋ। ਤੁਹਾਨੂੰ ਆਪਣੇ ਰਿਕਾਰਡਾਂ ਲਈ ਇਸ ਦਸਤਖਤ ਕੀਤੇ ਸਹਿਮਤੀ ਫਾਰਮ ਦੀ ਇੱਕ ਨਕਲ ਮਿਲੇਗੀ।

### ਸਹਿਮਤੀ

ਮੈਂ ਨਾੜੂਏ ਦੇ ਖੂਨ ਦਾ ਦਾਨ ਕਰਨ ਵਾਸਤੇ ਪ੍ਰਦਾਨ ਕੀਤੀ ਜਾਣਕਾਰੀ ਨੂੰ ਪੜ੍ਹ ਅਤੇ ਸਮਝ ਲਿਆ ਹੈ ਅਤੇ ਮੈਨੂੰ ਸਵਾਲ ਪੁੱਛਣ ਦਾ ਮੌਕਾ ਮਿਲਿਆ ਹੈ ਜਿੰਨ੍ਹਾਂ ਦਾ ਤਸੱਲੀਬਖਸ਼ ਤਰੀਕੇ ਨਾਲ ਜਵਾਬ ਦਿੱਤਾ ਗਿਆ ਹੈ। ਮੈਂ ਸਾਰੇ ਡਾਕਟਰੀ ਅਤੇ ਸਮਾਜਕ ਇਤਿਹਾਸ ਬਾਰੇ ਸਵਾਲਾਂ ਦਾ ਜਵਾਬ ਈਮਾਨਦਾਰੀ ਨਾਲ ਦੇਵਾਂਗੀ। ਮੈਂ ਕੈਨੇਡੀਅਨ ਬਲੱਡ ਸਰਵਿਸਜ਼ ਦੇ ਕੋਰਡ ਬਲੱਡ ਬੈਂਕ ਵਾਸਤੇ ਪਰਦੇਦਾਰੀ ਨੋਟਿਸ ਨੂੰ ਪੜ੍ਹ ਅਤੇ ਸਮਝ ਲਿਆ ਹੈ ਅਤੇ ਮੈਂ ਏਥੇ ਦੱਸੇ ਗਏ ਮਕਸਦਾਂ ਵਾਸਤੇ, ਮੇਰੀ ਨਿੱਜੀ ਜਾਣਕਾਰੀ ਅਤੇ ਮੇਰੇ ਬੱਚੇ ਦੀ ਨਿੱਜੀ ਜਾਣਕਾਰੀ, ਜਿਸ ਵਿੱਚ ਮੇਰਾ ਡਾਕਟਰੀ ਰਿਕਾਰਡ ਅਤੇ ਹੋਰ ਨਿੱਜੀ ਸਿਹਤ ਜਾਣਕਾਰੀ ਵੀ ਸ਼ਾਮਲ ਹੈ, ਨੂੰ ਇਕੱਤਰ ਕਰਨ, ਵਰਤਣ ਅਤੇ ਇਸ ਦਾ ਖੁਲਾਸਾ ਕਰਨ ਲਈ ਸਹਿਮਤੀ ਦਿੰਦੀ ਹਾਂ। ਮੈਂ ਸਮਝਦੀ ਹਾਂ ਕਿ ਮੈਂ ਮੇਰੀ ਸਹਿਮਤੀ ਵਾਪਸ ਲੈ ਸਕਦੀ ਹਾਂ।

ਮੈਂ ਸਵੈ ਇੱਛਾ ਨਾਲ ਭਾਗ ਲੈਣ ਲਈ ਅਤੇ ਕੋਰਡ ਬਲੱਡ ਬੈਂਕ ਨੂੰ ਆਪਣੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਦਾਨ ਕਰਨ ਲਈ ਅਤੇ ਕਿਸੇ ਵੀ ਲੋੜਵੰਦ ਮਰੀਜ਼ ਲਈ ਪ੍ਰਤੀਰੋਪਣ ਵਾਸਤੇ OneMatch ਸਟੈਮ ਸੈੱਲ ਐਂਡ ਮਾਰੋ ਨੈੱਟਵਰਕ ਵਿੱਚ ਸ਼ਾਮਲ ਕੀਤੇ ਜਾਣ ਨਾਲ ਸਹਿਮਤ ਹਾਂ। ਜੇ ਲੋੜ ਪੈਂਦੀ ਹੈ, ਤਾਂ ਮੈ ਮੇਰੇ ਕੋਲੋਂ ਇੱਕ ਖੂਨ ਦਾ ਨਮੂਨਾ ਲਏ ਜਾਣ ਨਾਲ ਵੀ ਸਹਿਮਤ ਹਾਂ।

| | | |
|---|---|---|
| ______________________ (ਮਾਂ ਦਾ ਸਾਫ਼-ਸਾਫ਼ ਲਿਖਿਆ ਨਾਮ /Mother’s printed name) | ______________________ (ਮਾਂ ਦੇ ਦਸਤਖਤ/Mother’s signature) | ______________________ (ਫਾਰਮ ’ਤੇ ਦਸਤਖਤ ਕਰਨ ਦੀ ਤਾਰੀਖ਼) /Date form signed) |

______________________________________________

(CBB ਸਟਾਫ਼ ਮੈਂਬਰ/ਦਾਈ ਦਾ ਸਾਫ਼-ਸਾਫ਼ ਲਿਖਿਆ ਨਾਮ/CBB Staff member/Midwife printed name)

______________________________________

(CBB ਸਟਾਫ਼ ਮੈਂਬਰ/ਦਾਈ ਦੇ ਦਸਤਖਤ/CBB Staff member/Midwife signature)

___________________________

(ਫਾਰਮ ‘ਤੇ ਦਸਤਖਤ ਕਰਨ ਦੀ ਤਾਰੀਖ਼/Date form signed)

**For CBB Use Only:**

**Change of Information:** ☐ Name ☐ Postal Code ☐ Phone Number

Verification of information discrepancy from maternal hospital unique ID label to documented information by mother:



CBU Unique ID Number